# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਇਕਬਾਲ ਘਾਰੂ ਇੰਡਕ ਆਰਟਸ ਵੈਲਫੇਅਰ ਕੌਂਸਲ ਦੇ ਪ੍ਰਧਾਨ ਬਣੇ।

ਫਰੀਦਕੋਟ 22 ਮਾਰਚ : ਪੰਜਾਬ ਇੰਡਕ ਆਰਟਸ ਵੈਲਫੇਅਰ ਕੌਂਸਲ ਰਜਿ ਪੰਜਾਬ ਦੇ ਪ੍ਰਧਾਨ ਭੋਲਾ ਯਮਲਾ ਜੀ ਨੇ ਪ੍ਰਸਿੱਧ ਲੇਖਕ/ ਗਾਇਕ ਅਤੇ ਅਦਾਕਾਰ ਸ੍ਰੀ ਇਕਬਾਲ ਘਾਰੂ ਨੂੰ ਉਨ੍ਹਾਂ ਦੀਆਂ ਸਾਹਿਤਕ ਕਲਾਤਮਿਕ ਅਤੇ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਇਕਾਈ ਫ਼ਰੀਦਕੋਟ ਨਿਯੁਕਤ ਕੀਤਾ ਹੈ। ਇਕਬਾਲ ਘਾਰੂ ਜੀ ਨੇ ਭੋਲਾ ਯਮਲਾ ਜੀ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਵੱਲੋਂ



ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਿਸ਼ਵਾਸ ਦਵਾਇਆ। ਉਨ੍ਹਾਂ ਨੇ ਇਸ ਸੰਸਥਾ ਨੂੰ ਬੁਲੰਦੀਆਂ ਤੇ ਲਿਜਾਣ ਲਈ ਆਪਣੇ ਗ੍ਰਹਿ "ਸੰਤੋਸ਼ ਘਾਰੂ ਆਸ਼ਿਆਨਾ" ਕੰਮੇਆਣਾ ਗੇਟ ਫ਼ਰੀਦਕੋਟ ਵਿਖੇ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਉਨ੍ਹਾਂ ਨੇ ਆਪਣੇ ਸਹਿਯੋਗੀ ਸਾਹਿਤਕਾਰਾਂ, ਕਵੀਆਂ, ਗਾਇਕਾਂ, ਅਤੇ ਕਲਾਕਾਰਾਂ ਦੀ ਚੋਣ ਕੀਤੀ। ਇਸ ਨਵੀਂ ਬਣਾਈ ਟੀਮ ਵਿਚ ਪ੍ਰਸਿੱਧ ਨਾਵਲਕਾਰ ਜੀਤ ਸਿੰਘ ਸੰਧੂ ਸਿੱਖਾਂਵਾਲਾ , ਪ੍ਰਸਿੱਧ ਰੰਗਕਰਮੀ, ਕਵੀ ਪ੍ਰਿੰਸੀਪਲ ਕੁਮਾਰ ਜਗਦੇਵ ਸਿੰਘ ਬਰਾੜ ਨੂੰ ਸਰਪ੍ਰਸਤ ਅਤੇ ਉਪ ਸਰਪ੍ਰਸਤ ਨਿਯੁਕਤ ਕੀਤਾ, ਪ੍ਰਸਿੱਧ ਕਵੀ ਕੁਲਵਿੰਦਰ ਵਿਰਕ ਨੂੰ ਜਰਨਲ ਸਕੱਤਰ, ਪ੍ਰਸਿੱਧ ਪੱਤਰਕਾਰ ਅਤੇ ਕਵੀ ਧਰਮ ਪ੍ਰਵਾਨਾ ਨੂੰ ਪ੍ਰੈੱਸ ਸਕੱਤਰ, ਉਭਰਦੇ ਲੇਖਕ ਵਤਨਵੀਰ ਜ਼ਖ਼ਮੀ ਨੂੰ ਕਨਵੀਨਰ, ਜੀਤ ਕੰਮੇਆਣਾ ਨੂੰ ਖਜ਼ਾਨਚੀ, ਲੱਕੀ ਕੰਮੇਆਣਾ ਨੂੰ ਪ੍ਰਚਾਰ ਸਕੱਤਰ, ਪ੍ਰਸਿੱਧ ਲੇਖਕ ਮਨਜਿੰਦਰ ਗੋਲ੍ਹੀ ਨੂੰ ਸਲਾਹਕਾਰ, ਸੱਭਿਆਚਾਰ ਵਿੰਗ ਵਿੱਚ ਪ੍ਰਸਿੱਧ ਗਾਇਕ ਇੰਦਰ ਮਾਨ, ਰਾਣਾ ਕੰਮੇਆਣਾ ਜਸਵਿੰਦਰ ਬਰਾੜ, ਮੈਂਬਰਾਂ ਵਜੋਂ ਪੱਟੀ ਲਹਿਰੀ, ਬੂਟਾ ਸਿੰਘ ਅਰਾਈਆਂਵਾਲਾ, ਮੁਖਤਿਆਰ ਸਿੰਘ ਵੰਗੜ, ਰਾਜਬੀਰ ਮੱਤਾ, ਲਖਵਿੰਦਰ ਕੋਟ ਸੁਖੀਆ ਨਿਯੁਕਤ ਕੀਤੇ ਗਏ।

## ਜਦੋਂ ਸਰਕਾਰ ਵਿਰੁੱਧ ਬੰਬ ਬਣ ਗਏ ਅੰਮ੍ਰਿਤਧਾਰੀ ਸਿੰਘ

ਰਣਜੀਤ ਸਿੰਘ ਦਮਦਮੀ ਟਕਸਾਲ

13 ਅਪ੍ਰੈਲ 1978 ਨੂੰ ਸ੍ਰੀ ਅੰਮ੍ਰਿਤਸਰ 'ਚ ਵਾਪਰੇ ਨਕਲੀ ਨਿਰੰਕਾਰੀ ਕਾਂਡ ਨੇ ਸਿੱਖ ਕੌਮ ਨੂੰ ਐਸੇ ਡੂੰਘੇ ਜ਼ਖਮ ਦਿੱਤੇ ਕਿ ਜਿਸ ਨੇ ਮੌਜੂਦਾ ਸਿੱਖ ਸੰਘਰਸ਼ ਦਾ ਮੁੱਢ ਬੰਨ੍ਹ ਦਿੱਤਾ। 13 ਸਿੰਘਾਂ ਦੀਆਂ ਸ਼ਹਾਦਤਾਂ ਨੇ ਕੌਮ 'ਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਅਤੇ ਕੌਮ ਦੇ ਸਾਮ੍ਹਣੇ ਅਗੰਮੀ ਰੂਹ ਤੇ ਮਹਾਨ ਸ਼ਖ਼ਸੀਅਤ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ਼ੇ ਉਭਰ ਕੇ ਸਾਮ੍ਹਣੇ ਆਏ ਜਿਨ੍ਹਾਂ ਨੂੰ ਖਾਲਸਾ ਪੰਥ ਵੱਲੋਂ 'ਵੀਹਵੀਂ ਸਦੀ ਦਾ ਮਹਾਨ ਸਿੱਖ' ਐਲਾਨਿਆ ਗਿਆ।




ਇਸ ਸਾਕੇ ਮਗਰੋਂ ਸੰਤਾਂ ਨੇ ਐਨਾ ਗੱਜ-ਵੱਜ ਕੇ ਸਿੱਖੀ ਦਾ ਪ੍ਰਚਾਰ ਕੀਤਾ ਕਿ ਕੌਮ ਦੇ ਦੁਸ਼ਮਣਾਂ ਨੂੰ ਤਰੇਲੀਆਂ ਆ ਗਈਆਂ, ਤੇ ਸੰਤਾਂ ਦੀ 'ਸ਼ੇਰ ਗਰਜ਼' ਅੱਗੇ ਤਾਂ ਦਿੱਲੀ ਦਰਬਾਰ ਵੀ ਕੰਬ ਉੱਠਿਆ।

ਸੰਤਾਂ ਨੇ ਧਰਮ ਯੁੱਧ ਮੋਰਚੇ ਰਾਹੀਂ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਦਿਆਂ ਜੋ ਸੰਘਰਸ਼ ਅਰੰਭਿਆ ਉਸ ਨੇ ਦੁਨੀਆਂ ਭਰ 'ਚ ਵੱਸਦੇ ਸਿੱਖਾਂ ਨੂੰ ਇੱਕ ਮੰਚ 'ਤੇ ਇਕੱਠਿਆਂ ਕਰ ਦਿੱਤਾ। ਇਸ ਮੋਰਚੇ 'ਚ ਸ਼ਾਂਤਮਈ ਢੰਗ ਨਾਲ਼ ਤਕਰੀਬਨ ਢਾਈ ਲੱਖ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ 200 ਤੋਂ ਵੱਧ ਸ਼ਹਾਦਤਾਂ ਹੋਈਆਂ।

19 ਜੁਲਾਈ 1982 ਤੋਂ ਸ਼ੁਰੂ ਹੋਇਆ ਮੋਰਚਾ ਵਾਰ-ਵਾਰ ਸਿਖਰਾਂ ਛੋਹ ਰਿਹਾ ਸੀ ਤੇ ਮਈ 1984 ਤਕ ਹਾਲਾਤ ਇਹ ਬਣ ਗਏ ਸਨ ਕਿ ਕੇਂਦਰ ਸਰਕਾਰ ਨੂੰ ਸਿੱਖਾਂ ਦੀਆਂ ਮੰਗਾਂ ਮੰਨਣੀਆਂ ਹੀ ਪੈਣੀਆਂ ਸਨ। ਪਰ ਹਿੰਦੂਤਵੀ ਸਰਕਾਰ ਨੇ ਸਿੱਖਾਂ ਨੂੰ ਉਹਨਾਂ ਦੇ ਹੱਕ ਦੇਣ ਦੀ ਬਜਾਏ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਦਾ ਰਾਹ ਚੁਣ ਲਿਆ, ਜੋ ਹਿੰਦੂ ਹਾਕਮਾਂ ਦੀ ਸਿੱਖ ਕੌਮ ਉੱਤੇ ਕੀਤੇ ਕਹਿਰ ਦੀ ਇੰਤਹਾ ਸੀ।

ਸਿੱਖਾਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਜਿਨ੍ਹਾਂ ਲੋਕਾਂ ਦਾ ਸਾਡੇ ਗੁਰੂ ਸਾਹਿਬਾਨਾਂ ਨੇ ਧਰਮ ਬਚਾਇਆ, ਜਿਨ੍ਹਾਂ ਦੀਆਂ ਟਕੇ-ਟਕੇ 'ਤੇ ਵਿਕਦੀਆਂ ਬਹੂ-ਬੇਟੀਆਂ ਦੀਆਂ ਅਸੀਂ ਗਜ਼ਨੀ ਦੇ ਬਜ਼ਾਰਾਂ 'ਚੋਂ ਇੱਜ਼ਤਾਂ ਬਚਾਉਂਦੇ ਰਹੇ ਤੇ ਆਪਣੀ ਜਾਨ ਜੋਖ਼ਮ 'ਚ ਪਾ ਕੇ ਸਹੀ-ਸਲਾਮਤ ਘਰੀਂ ਪਹੁੰਚਾਉਂਦੇ ਰਹੇ, ਜਿਨ੍ਹਾਂ ਨੂੰ ਅਸੀਂ 1947 'ਚ ਅਜ਼ਾਦੀ ਦਿਵਾਈ ਉਹ ਐਨੇ ਅਕ੍ਰਿਤਘਣ, ਅਹਿਸਾਨ-ਫ਼ਰਾਮੋਸ਼ ਤੇ ਨਿਰਦਈ ਨਿਕਲ਼ਣਗੇ ਕਿ ਸਾਡੇ ਧਰਮ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਭਗਤੀ-ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਅਨੇਕਾਂ ਗੁਰਧਾਮਾਂ 'ਤੇ ਟੈਂਕਾਂ-ਤੋਪਾਂ, ਬੰਬਾਂ, ਮਸ਼ੀਨਗੰਨਾਂ, ਹਵਾਈ ਜਹਾਜ਼ਾਂ ਨਾਲ਼ ਹਮਲਾ ਕਰ ਦੇਣਗੇ।

ਇਸ ਹਮਲੇ 'ਚ ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਅਤੇ ਗੁਰਦਾਸ ਨੰਗਲ ਦੀ ਗੜ੍ਹੀ ਵਾਂਗ ਸ਼ਾਨਾਮੱਤਾ ਇਤਿਹਾਸ ਦੁਹਰਾਉਂਦਿਆਂ ਮਰਦ-ਏ-ਮੁਜ਼ਾਹਿਦ, ਬਾਬਾ-ਏ-ਕੌਮ ਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਮਰੀਕ ਸਿੰਘ, ਮੇਜਰ ਜਨਰਲ ਸ਼ਬੇਗ ਸਿੰਘ, ਬਾਬਾ ਥਾਹਰਾ ਸਿੰਘ ਜੂਝਦਿਆਂ ਹੋਇਆਂ ਆਪਣੇ ਦੋ-ਢਾਈ ਸੌ ਜੁਝਾਰੂ ਸਿੰਘਾਂ-ਸਿੰਘਣੀਆਂ ਸਮੇਤ ਸ਼ਹਾਦਤਾਂ ਦੇ ਜਾਮ ਪੀ ਗਏ।

ਇਹਨਾਂ ਸ਼ਹਾਦਤਾਂ ਨੇ ਖ਼ਾਲਿਸਤਾਨ ਦੀ ਜੰਗ-ਏ-ਅਜ਼ਾਦੀ ਦਾ ਮੁੱਢ ਬੰਨ੍ਹ ਦਿੱਤਾ। ਘੱਲੂਘਾਰੇ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲ਼ੇ ਇਹ ਨਿਰਣਾਇਕ ਬਚਨ ਕਰ ਗਏ ਸਨ ਕਿ "ਜੇ ਹਿੰਦੁਸਤਾਨ ਦੀ ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ।" ਸੰਤਾਂ ਦੀਆਂ ਰਿਕਾਰਡਿੰਗਾਂ 'ਚ ਇਹ ਬਚਨ ਮੌਜੂਦ ਹਨ ਕਿ "ਜਿੱਦੇਂ ਏਸ ਅਸਥਾਨ (ਦਰਬਾਰ ਸਾਹਿਬ 'ਤੇ) ਪੁਲੀਸ ਵੱਲੋਂ ਹੁਣ ਹਮਲਾ ਹੋਇਆ ਤਾਂ ਦੁਨੀਆਂ 'ਚ ਮਿਸਾਲ ਬਣੂਗੀ ਕਿ ਖ਼ਾਲਿਸਤਾਨ ਬਣਿਆ, ਓਸ ਦਿਨ ਜ਼ਰੂਰ ਖ਼ਾਲਿਸਤਾਨ ਬਣੇਗਾ।"

ਸੰਤਾਂ ਦੇ ਇਹ ਬਚਨ ਸਿੱਖ ਜਵਾਨੀ ਦੇ ਘਰ ਕਰ ਗਏ ਸਨ, ਸਿੱਖਾਂ ਨੇ ਸਮਝ ਲਿਆ ਸੀ ਕਿ ਹੁਣ ਆਪਣੇ ਰਾਜ-ਭਾਗ ਤੋਂ ਬਿਨਾਂ ਗੁਜ਼ਾਰਾ ਨਹੀਂ, ਹੁਣ ਲੜਨਾ ਹੀ ਪੈਣੈ, ਮਰਨਾ ਹੀ ਪੈਣੈ। 'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥' ਅਤੇ 'ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥' ਗੁਰਬਾਣੀ ਦੇ ਇਹ ਬਚਨ ਹਰੇਕ ਸਿੱਖ ਦੀ ਅਣਖ਼ ਨੂੰ ਵੰਗਾਰ ਰਹੇ ਸਨ।

ਦੁਸ਼ਮਣ ਵੱਲੋਂ ਸ਼ੁਰੂ ਕੀਤੀ ਜੰਗ ਨੂੰ ਸਿੱਖਾਂ ਨੇ ਹੁਣ ਦੁਸ਼ਮਣ ਦੇ ਘਰ ਪਹੁੰਚਾਉਣ ਦਾ ਪ੍ਰਣ ਕਰ ਲਿਆ। ਸਰਕਾਰ ਨੇ ਸਮਝਿਆ ਸੀ ਕਿ ਸਿੱਖ ਡਰ ਜਾਣਗੇ ਤੇ ਹਮੇਸ਼ਾਂ ਲਈ ਸਾਡੀ ਗ਼ੁਲਾਮੀ ਕਬੂਲ ਕਰ ਲੈਣਗੇ ਤੇ ਕਦੇ ਵੀ ਸਿਰ ਚੁੱਕਣ ਦਾ ਹੀਆ ਨਹੀਂ ਕਰਨਗੇ ਪਰ ਸਿੱਖ ਨੌਜਵਾਨਾਂ ਨੇ ਘਰਾਂ-ਪਰਿਵਾਰਾਂ ਦੇ ਮੋਹ ਤਿਆਗ ਦਿੱਤੇ ਅਤੇ ਇਧਰੋਂ-ਓਧਰੋਂ ਹਥਿਆਰਾਂ ਦਾ ਪ੍ਰਬੰਧ ਕਰ ਲਿਆ ਤੇ ਲਹੂ-ਵਿੱਢਵੀਂ ਲੜਾਈ ਲੜੀ ਗਈ।

ਸਿੱਖਾਂ ਨੇ ਹਿੰਦੁਸਤਾਨ ਦੀ ਰਾਣੀ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦਿੱਲੀ 'ਚ ਗੋਲੀਆਂ ਨਾਲ਼ ਛਲ਼ਣੀ-ਛਲ਼ਣੀ ਕੀਤਾ, ਭਾਰਤੀ ਫ਼ੌਜਾਂ ਦੇ ਜਰਨੈਲ ਅਰੁਣ ਸ੍ਰੀਧਰ ਵੈਦਿਆ ਨੂੰ ਪੂਨੇ ਜਾ ਕੇ ਮੌਤ ਦੇ ਘਾਟ ਉਤਾਰਿਆ, ਅਜੋਕਾ ਜ਼ਕਰੀਆਂ ਖਾਂ ਭਾਵ ਮੁੱਖ ਮੰਤਰੀ ਬੁੱਚੜ ਬਿਅੰਤ ਸਿਹੁੰ ਨੂੰ ਵੀ ਚੰਡੀਗੜ੍ਹ 'ਚ ਬੰਬ ਦੇ ਨਾਲ਼ ਉਡਾਅ ਦਿੱਤਾ ਤੇ ਕਈ ਪੁਲੀਸ ਅਫ਼ਸਰ, ਕਰਨਲ, ਸੂਬੇਦਾਰ, ਮੰਤਰੀ-ਸੰਤਰੀ, ਮੁਖਬਰ, ਗ਼ੱਦਾਰ, ਕਾਮਰੇਡ ਅਤੇ ਪੰਥ ਦੋਖੀ ਚੁਣ-ਚੁਣ ਕੇ ਸੋਧੇ ਅਤੇ ਇਸ ਧਰਤੀ 'ਤੇ ਖ਼ਾਲਸਾਈ ਜਾਹੋ-ਜਲਾਲ ਪ੍ਰਚੰਡ ਕੀਤਾ।

ਇਹ ਸਿੱਖ ਇਤਿਹਾਸ ਦਾ ਸੁਨਹਿਰੀ ਦੌਰ ਸੀ, ਜਦ ਸ਼ਹਾਦਤਾਂ ਦਾ ਹੜ੍ਹ ਆਇਆ, ਜਦ ਕੌਮ ਨੇ ਸਿੱਖੀ ਦੇ ਓਸ ਰੰਗ ਨੂੰ ਮਾਣਿਆ ਜਿਹੜਾ ਰੰਗ ਗੁਰੂ ਸਾਹਿਬ ਸਾਨੂੰ ਬਖ਼ਸ਼ ਕੇ ਗਏ ਸਨ। ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਸਿੰਘਾਂ ਨੇ ਐਸੀਆਂ ਮੱਲ੍ਹਾਂ ਮਾਰੀਆਂ ਕਿ ਹਰ ਕੋਈ ਅੱਸ਼-ਅੱਸ਼ ਕਰ ਉੱਠਿਆ। ਸੰਤ ਭਿੰਡਰਾਂਵਾਲ਼ੇ ਦੇ ਬਚਨ ਸੱਚ ਹੋਏ 'ਇਕੱਲਾ-ਇਕੱਲਾ ਅੰਮ੍ਰਿਤਧਾਰੀ ਸਿੰਘ ਸਰਕਾਰ ਲਈ ਬੰਬ' ਬਣ ਗਿਆ।

## ਡਾ. ਗੁਰਦੇਵ ਸਿੰਘ ਖੁਸ਼ ਫਾਊਂਡੇਸਨ ਨੇ ਸਾਲਾਨਾ ਐਵਾਰਡ ਸਮਾਗਮ ਆਯੋਜਿਤ ਕੀਤਾ



ਲੁਧਿਆਣਾ 22 ਮਾਰਚ : ਡਾ. ਗੁਰਦੇਵ ਸਿੰਘ ਖੁਸ਼ ਫਾਊਂਡੇਸਨ ਆਪਣੇ ਸਾਲਾਨਾ ਐਵਾਰਡ ਸਮਾਗਮ ਦਾ ਆਯੋਜਨ ਬੀਤੇ ਦਿਨੀਂ ਬੜੇ ਉਤਸ਼ਾਹ ਨਾਲ ਕੀਤਾ, ਜਿਸ ਵਿੱਚ ਅਕਾਦਮਿਕ ਸ਼੍ਰੇਸ਼ਠਤਾ ਅਤੇ ਖੇਤੀਬਾੜੀ ਅਤੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੇ ਮਾਹਿਰਾਂ ਨੂੰ ਸਨਮਾਨਿਤ ਕੀਤਾ ਗਿਆ| ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਅੱਠ ਸਹਾਇਕ ਕਾਲਜਾਂ ਤੋਂ ਪੰਜਾਬ ਦੇ ਪੇਂਡੂ ਖੇਤਰਾਂ ਨਾਲ ਸੰਬੰਧਿਤ ਅੰਡਰਗੈ੍ਰਜੂਏਟ ਵਿਦਿਆਰਥੀਆਂ ਨੂੰ ਮੈਰਿਟ ਦੇ ਅਧਾਰ ਤੇ ਕੁੱਲ 72 ਸਕਾਲਰਸ਼ਿਪਾਂ ਦਿੱਤੀਆਂ ਗਈਆਂ| ਇਸਦੇ ਇਲਾਵਾ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਭਾਗ ਲੈਣ ਲਈ ਨੌਜਵਾਨ ਵਿਗਿਆਨੀਆਂ ਅਤੇ ਪੋਸਟਗੈ੍ਰਜੂਏਟ ਵਿਦਿਆਰਥੀਆਂ ਨੂੰ ਪੰਜ ਜੀ.ਐਸ. ਖੁਸ਼ ਯਾਤਰਾ ਗ੍ਰਾਂਟਾਂ ਦਿੱਤੀਆਂ ਗਈਆਂ| ਪੀ.ਏ.ਯੂ. ਮਾਡਲ ਹਾਈ ਸਕੂਲ, ਕਾਉਣੀ (ਸ੍ਰੀ ਮੁਕਤਸਰ ਸਾਹਿਬ) ਦੇ ਵਿਦਿਆਰਥੀ ਨੂੰ ਵੀ ਇੱਕ ਮੈਰਿਟ ਸਕਾਲਰਸ਼ਿਪ ਦਿੱਤੀ ਗਈ|



ਸਮਾਗਮ ਦੀ ਸਰਪ੍ਰਸਤੀ ਫਾਊਂਡੇਸਨ ਦੇ ਚੇਅਰਮੈਨ ਡਾ. ਗੁਰਦੇਵ ਸਿੰਘ ਖੁਸ਼ ਨੇ ਕੀਤੀ| ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ., ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ| ਇਸ ਮੌਕੇ 'ਤੇ ਪ੍ਰਮੁੱਖ ਡਾ. ਹਰਵੰਤ ਕੌਰ ਖੁਸ਼, ਫਾਊਂਡੇਸਨ ਦੀ ਉਪ ਚੇਅਰਮੈਨ ਡਾ. ਸਰਦਾਰਾ ਸਿੰਘ ਜੌਹਲ, ਡਾ. ਜਤਿੰਦਰ ਪਾਲ ਸਿੰਘ ਗਿੱਲ, ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ, ਸ੍ਰੀ ਕਾਹਨ ਸਿੰਘ ਪੰਨੂ ਅਤੇ ਡਾ. ਰਿਸ਼ੀ ਪਾਲ ਸਿੰਘ, ਰਜਿਸਟਰਾਰ, ਪੀ.ਏ.ਯੂ. ਤੋਂ ਇਲਾਵਾ ਦੋਵਾਂ ਯੂਨਵਿਰਸਿਟੀਆਂ ਦੇ ਉੱਚ ਅਧਿਕਾਰੀ, ਡੀਨ ਡਾਇਰੈਕਟਰਜ਼, ਵਿਭਾਗਾਂ ਦੇ ਮੁਖੀ ਅਤੇ ਅਧਿਆਪਕ ਵੀ ਹਾਜ਼ਰ ਸਨ| ਇਸ ਮੌਕੇ ਡਾ. ਤਿਲਕ ਰਾਜ ਸਰਮਾ, ਰਾਸ਼ਟਰੀ ਪ੍ਰੋਫੈਸਰ, ਨੈਸ਼ਨਲ ਇੰਸਟੀਚਿਊਟ ਆਫ ਪਲਾਂਟ ਬਾਇਓਟੈਕਨਾਲੋਜੀ, ਨਵੀਂ ਦਿੱਲੀ ਨੂੰ ਡਾ. ਦਰਸ਼ਨ ਸਿੰਘ ਬਰਾੜ ਅਵਾਰਡ ਫਾਰ ਐਗਰੀਕਲਚਰ 2026 ਨਾਲ ਸਨਮਾਨਿਤ ਕੀਤਾ ਗਿਆ| ਇਹ ਸਨਮਾਨ ਉਹਨਾਂ ਨੂੰ ਝੋਨੇ ਦੀਆਂ ਕਿਸਮਾਂ ਵਿਚ ਸੁਧਾਰ ਲਈ ਪਾਏ ਯੋਗਦਾਨ ਬਦਲੇ ਪ੍ਰਦਾਨ ਕੀਤਾ ਗਿਆ| ਇਸ ਐਵਾਰਡ ਵਿਚ ਤਿੰਨ ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਸਨਮਾਨ ਪੱਤਰ ਸ਼ਾਮਿਲ ਸੀ| ਪੀ.ਏ.ਯੂ. ਦੇ ਡਾ. ਬੂਟਾ ਸਿੰਘ ਢਿੱਲੋਂ ਨੂੰ ਡਾ. ਦਰਸ਼ਨ ਸਿੰਘ ਬਰਾੜ ਯੰਗ ਸਾਇੰਟਿਸਟ ਐਵਾਰਡ 2026 ਨਾਲ ਸਨਮਾਨਿਤ ਕੀਤਾ ਗਿਆ| ਉਨ੍ਹਾਂ ਨੂੰ ਸਨਮਾਨ ਚਿੰਨ ਅਤੇ 50,000 ਦੀ ਰਾਸ਼ੀ ਨਾਲ ਨਿਵਾਜ਼ਿਆ ਗਿਆ| ਡਾ. ਅਨਿਲ ਕੁਮਾਰ ਸ਼ਰਮਾ, ਸਹਿਯੋਗੀ ਨਿਰਦੇਸ਼ਕ (ਟੀ ਵੀ) ਨੂੰ ਉਨ੍ਹਾਂ ਵੱਲੋਂ ਸੰਚਾਰ ਲਈ ਪਾਏ ਅਸੀਮ ਯੋਗਦਾਨ ਬਦਲੇ 50000 ਰੁਪਏ ਅਤੇ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ ਗਿਆ|

ਸਮਾਗਮ ਨੂੰ ਸੰਬੋਧਨ ਕਰਦਿਆਂ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਫਾਉਂਡੇਸਨ ਵੱਲੋਂ ਪਿੰਡਾਂ ਤੋਂ ਆਏ ਵਿਦਿਆਰਥੀਆਂ ਦੀ ਵਿਗਿਆਨਕ ਪ੍ਰਤਿਭਾ ਨੂੰ ਨਿਖਾਰਨ ਵਾਸਤੇ ਨਿਰੰਤਰ ਯੋਗਦਾਨ ਦੀ ਤਾਰੀਫ ਕੀਤੀ ਅਤੇ ਸਾਰੇ ਇਨਾਮ ਜੇਤੂਆਂ ਨੂੰ ਵਧਾਈ ਦਿੱਤੀ| ਉਨ੍ਹਾਂ ਨੇ ਖੇਤੀਬਾੜੀ ਦੀ ਸਿੱਖਿਆ ਅਤੇ ਖੋਜ ਵਿੱਚ ਫਾਉਂਡੇਸਨ ਦੇ ਲਗਾਤਾਰ ਸਹਿਯੋਗ ਲਈ ਵੀ ਧੰਨਵਾਦ ਪ੍ਰਗਟਾਇਆ|

ਇਸ ਮੌਕੇ 'ਤੇ ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ 'ਪੰਜਾਬੀ ਖੇਤੀਬਾੜੀ ਅਤੇ ਆਰਥਿਕਤਾ ਵਿੱਚ ਪਸ਼ੂ ਪਾਲਣ ਦੀ ਭੂਮਿਕਾ' ਵਿਸੇ 'ਤੇ ਵਿਸ਼ੇਸ਼ ਲੈਕਚਰ ਦਿੱਤਾ| ਉਨ੍ਹਾਂ ਨੇ ਕਿਸਾਨਾਂ ਦੀ ਆਮਦਨੀ ਵਧਾਉਣ ਵਿੱਚ ਪਸ਼ੂ ਪਾਲਣ ਖੇਤਰ ਦੀ ਵਧਦੀ ਮਹੱਤਤਾ ਨੂੰ ਰੋਸ਼ਨ ਕੀਤਾ ਅਤੇ ਫਸਲਾਂ ਅਤੇ ਪਸ਼ੂ ਪਾਲਣ ਨੂੰ ਮਿਲਾ ਕੇ ਇਕ ਖੇਤੀ ਪ੍ਰਣਾਲੀ ਦੀ ਲੋੜ 'ਤੇ ਜੋਰ ਦਿੱਤਾ| ਡਾ. ਐਸ. ਐੱਸ. ਜੌਹਲ ਨੇ ਪਸ਼ੂ ਪਾਲਣ ਅਤੇ ਬਾਗਬਾਨੀ ਦੀ ਪੰਜਾਬ ਵਿਚ ਖੇਤੀਬਾੜੀ ਲਈ ਭੂਮਿਕਾ ਨੂੰ ਉਭਾਰਿਆ| ਸ੍ਰੀ ਕਾਹਨ ਸਿੰਘ ਪੰਨੂ ਨੇ ਕਿਸਾਨਾਂ ਦੀ ਆਮਦਨੀ ਅਤੇ ਖੇਤੀਬਾੜੀ ਸਥਿਰਤਾ ਨੂੰ ਸੁਧਾਰਨ ਲਈ ਢੁੱਕਵੇਂ ਕਦਮ ਚੁੱਕਣ ਦੀ ਲੋੜ ਨੂੰ ਉਜਾਗਰ ਕੀਤਾ| ਆਪਣੇ ਸੰਬੋਧਨ ਵਿੱਚ, ਫਾਉਂਡੇਸ਼ਨ ਦੇ ਚੇਅਰਮੈਨ. ਡਾ. ਗੁਰਦੇਵ ਸਿੰਘ ਖੁਸ ਨੇ ਸਾਰੇ ਵਿਦਿਆਰਥੀਆਂ ਦੇ ਮਾਰਗਦਰਸ਼ਨ ਕਰਨ ਵਾਲੇ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸਲਾਹੁਤਾ ਕੀਤੀ| ਉਨ੍ਹਾਂ ਨੇ ਫਾਉਂਡੇਸ਼ਨ ਦੇ ਸਹਿਯੋਗ ਲਈ ਪੀ.ਏ.ਯੂ. ਦਾ ਧੰਨਵਾਦ ਕੀਤਾ| ਇਸ ਸਮਾਰੋਹ ਵਿੱਚ ਪੀ.ਏ.ਯੂ. ਅਤੇ ਗੁਰੂ ਅੰਗਦ ਦੇਵ ਵੈਟਨਰੀ ਯੂਨੀਵਰਸਿਟੀ, ਲੁਧਿਆਣਾ ਦੇ ਫੈਕਲਟੀ ਮੈਂਬਰਾਂ, ਅੰਡਰਗੈ੍ਰਜੂਏਟ ਅਤੇ ਪੋਸਟਗੈ੍ਰਜੂਏਟ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ|

## ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਕੋਟਕਪੂਰਾ ਵਿੱਚ ਵਪਾਰ ਮਿਲਣੀ ਆਯੋਜਿਤ

### ਕੋਟਕਪੂਰਾ ਦੇ ਬਾਜ਼ਾਰ ਵਿਚ ਵਪਾਰੀਆ ਲਈ ਸਹੂਲਤਾਂ ਦੇਣ ਦਾ ਕੀਤਾ ਐਲਾਨ

ਕੋਟਕਪੂਰਾ, 22 ਮਾਰਚ : ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਫੇਰੂਮਾਨ ਚੌਂਕ ਕੋਟਕਪੂਰਾ ਵਿਖੇ ਵਪਾਰ ਮਿਲਣੀ ਪ੍ਰੋਗਰਾਮ ਤਹਿਤ ਸ਼ਹਿਰ ਦੇ ਵਪਾਰੀਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਐਡਵਕੇਟ ਬੀਰਇੰਦਰ ਸਿੰਘ ਸੰਧਵਾਂ, ਚੇਅਰਮੈਨ ਮਾਰਕੀਟ ਕਮੇਟੀ ਕੋਟਕਪੂਰਾ ਸ. ਗੁਰਮੀਤ ਸਿੰਘ ਆਰੇਵਾਲਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਸਪੀਕਰ ਸ. ਸੰਧਵਾਂ ਨੇ ਵਪਾਰੀਆਂ ਵੱਲੋਂ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੇ ਜਲਦ ਹੱਲ ਲਈ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮੇਂ-ਬੱਧ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਵਪਾਰੀਆਂ ਦੀਆਂ ਮੁਸ਼ਕਲਾਂ ਦਾ ਤੁਰੰਤ ਨਿਪਟਾਰਾ ਕਰਨਾ ਸਰਕਾਰ ਦੀ ਪਹਿਲ ਹੈ ਅਤੇ ਇਸ ਸਬੰਧੀ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪਹਿਲਾਂ ਵਪਾਰੀ ਅਫਸਰਾਂ ਕੋਲ ਆਉਂਦੇ ਸੀ ਹੁਣ ਅਫਸਰ ਵਪਾਰੀਆਂ ਕੋਲ ਜਾ ਰਹੇ ਹਨ। ਉਹਨਾ ਕਿਹਾ ਕਿ ਸਭ ਤੋਂ ਵੱਡੀ ਸਮੱਸਿਆ ਕੋਟਕਪੂਰਾ ਬਾਜ਼ਾਰ ਵਿਚ ਪਾਰਕਿੰਗ ਦੀ ਸੀ




ਉਸ ਲਈ ਫੰਡ ਜਾਰੀ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਬਾਜ਼ਾਰ ਦੇ ਵਿੱਚ ਤਿੰਨ ਜਗ੍ਹਾ ਤੇ ਬਾਥਰੂਮ ਬਣ ਰਹੇ ਹਨ ਤਾਂ ਕਿ ਲੋਕਾਂ ਨੂੰ ਅਤੇ ਵਪਾਰੀਆਂ ਨੂੰ ਸਹੂਲਤ ਹੋਵੇ।

ਉਹਨਾ ਕਿਹਾ ਕੋਟਕਪੂਰਾ ਦੀ ਸੱਟਾਂ ਬਾਜ਼ਾਰ ਵਾਲੀ ਸੜਕ ਵੀ ਜਲਦੀ ਬਣ ਕੇ ਤਿਆਰ ਹੋ ਜਾਵੇਗੀ। ਉਹਨਾ ਕਿਹਾ ਕਿ ਨਰੂਲਾ ਜਿੰਮ ਵਾਲੀ ਸੜਕ ਵੀ ਜਲਦੀ ਹੀ ਬਣ ਜਾਵੇਗੀ।

ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਇਸ ਮੌਕੇ ਉਹਨਾਂ ਪੰਜਾਬ ਸਰਕਾਰ ਵਲੋਂ ਹੁਣ ਤੱਕ ਕੀਤੇ ਵਿਕਾਸ ਕਾਰਜਾਂ ਸਬੰਧੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਸ੍ਰੀ ਨਰੇਸ਼ ਸਿੰਘ ਚੇਅਰਮੈਨ, ਗੁਰਚਰਨ ਸਿੰਘ ਨਾਇਬ ਤਹਿਸੀਲਦਾਰ ਕੋਟਕਪੂਰਾ, ਦਿਨੇਸ਼ ਕੁਮਾਰ ਐਸ ਟੀ ਓ, ਜਸਵੰਤ ਸਿੰਘ ਇੰਸਪੈਕਟਰ ਜੀਐਸਟੀ, ਤਜਿੰਦਰ ਸਿੰਘ ਐਸਆਈਪੀਓ, ਮੰਦਰ ਸਿੰਘ ਜੇ. ਈ., ਵਿਕਾਸ ਸ਼ਰਮਾ ਬੀਡੀਪੀਓ, ਗੁਰਜੀਵਨ ਸਿੰਘ ਪੀ ਐੱਚ ਜੀ, ਵਿਸ਼ਾਲ ਭੱਟੀ ਲੇਬਰ ਇੰਸਪੈਕਟਰ, ਪ੍ਰਤੀਕ ਐਕਸਾਈਜ ਇੰਸਪੈਕਟਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਪਾਰੀ ਹਾਜ਼ਰ ਸਨ।